International Journal of Advanced Academic Studies 2022; 4(4): 217-221




**E-ISSN:** 2706-8927
**P-ISSN:** 2706-8919
www.allstudyjournal.com
IJAAS 2022; 4(4): 217-221
Received: 12-07-2022
Accepted: 26-09-2022

**Dr. Harbans Singh**
**(ਡਾ. ਹਰਬੰਸ ਸਿੰਘ)**
Professor,
Department of Punjabi,
Sri Guru Tegh Bahadur Khalsa College, University of Delhi, Delhi, India

**Corresponding Author:**
**Dr. Harbans Singh**
**(ਡਾ. ਹਰਬੰਸ ਸਿੰਘ)**
Professor,
Department of Punjabi,
Sri Guru Tegh Bahadur Khalsa College, University of Delhi, Delhi, India

# ਗੁਰੂ ਤੇਗ਼ ਬਹਾਦਰ ਬਾਣੀ ਵਿਚ ਨੈਤਿਕ ਸਰੋਕਾਰ

## Dr. Harbans Singh (ਡਾ. ਹਰਬੰਸ ਸਿੰਘ)

**DOI:** https://doi.org/10.33545/27068919.2022.v4.i4c.1032

ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਵਿਅਕਤੀਗਤ ਤੇ ਸਮਾਜਿਕ ਤੌਰ ਤੇ ਕਾਰ-ਵਿਹਾਰ ਕਰਦਾ ਆ ਰਿਹਾ ਹੈ। ਮਨੁੱਖ ਦੇ ਇਸ ਕਾਰ-ਵਿਹਾਰ ਕਰਨ ਵਿਚ ਕਿੰਨੇ ਕੁ ਚੰਗੇ ਤੇ ਮਾੜੇ ਤੱਤ ਹਨ। ਇਨ੍ਹਾਂ ਤੱਤਾਂ ਨੂੰ ਨਿਰਖਣ ਲਈ ਕੁਝ ਮਾਪਦੰਡਾਂ ਦੀ ਜ਼ਰੂਰਤ ਹੋਈ ਜਿਸ ਨੂੰ ਨੈਤਿਕ ਨਿਯਮ ਕਿਹਾ ਜਾਂਦਾ ਹੈ। ਨੈਤਿਕ ਨਿਯਮ ਮਨੁੱਖੀ ਆਚਾਰ ਦਾ ਕੇਂਦਰ ਬਿੰਦੂ ਹੋਣ ਕਰਕੇ ਉਸ ਦਾ ਵਿਵਹਾਰ ਇਨ੍ਹਾਂ ਨਿਯਮਾਂ ਦੇ ਆਲੇ-ਦੁਆਲੇ ਘੁੰਮਦਾ ਰਹਿੰਦਾ ਹੈ।ਇਹ "ਨੈਤਿਕ ਨਿਯਮ ਮਨੁੱਖ ਨੂੰ ਚੰਗੇ-ਬੁਰੇ, ਨੇਕ ਜਾਂ ਭੈੜੇ ਚਰਿੱਤਰ ਤੋਂ ਜਾਣੂ ਕਰਾਉਂਦੇ ਹਨ। ਮਨੁੱਖੀ ਚਰਿੱਤਰ ਕਦੇ ਵੀ ਇਕ ਪਾਸੜ ਨਹੀਂ ਹੁੰਦਾ, ਚੰਗਿਆਈ ਤੇ ਬੁਰਿਆਈ ਉਸ ਦੇ ਦੋ ਪਹਿਲੂ ਹਨ, ਦੂਜੇ ਸ਼ਬਦਾਂ ਵਿਚ ਨੇਕੀ ਤੇ ਬਦੀ।''[1] ਮਨੁੱਖੀ ਸੁਭਾਅ ਦੇ ਇਨ੍ਹਾਂ ਪਹਿਲੂਆਂ ਨੂੰ ਨੈਤਿਕ ਨਿਯਮਾਂ ਦੀ ਕਸਵੱਟੀ ਰਾਹੀਂ ਮਾਪਿਆ ਜਾ ਸਕਦਾ ਹੈ। ਡਾ: ਜਗਬੀਰ ਸਿੰਘ ਅਨੁਸਾਰ, "ਨੈਤਿਕਤਾ ਆਚਾਰ ਸੰਬੰਧੀ ਵਿਚਾਰਾਂ ਅਤੇ ਕਦਰਾਂ ਦੇ ਕਿਸੇ ਸਾਰਥਕ ਸੰਗਠਨ ਵੱਲ ਵੱਲ ਸੰਕੇਤ ਹੈ-ਜਿਵੇਂ ਮਨੁੱਖੀ ਆਚਾਰ ਅਤੇ ਉਸਦਾ ਮੁਲਾਂਕਣ।"[2]

ਨੈਤਿਕਤਾ ਸ਼ਬਦ ਦਾ ਸੰਬੰਧ ਯੂਨਾਨੀ ਭਾਸ਼ਾ ਦੇ ਸ਼ਬਦ 'ethos' ਨਾਲ ਹੈ ਜਿਸ ਦਾ ਭਾਵ— ਚਰਿੱਤਰ ਹੈ। ਇਸ ਦਾ ਸੰਬੰਧ ਸਦਾਚਾਰ ਵਿਚਾਰਾਂ ਤੇ ਗੁਣਾਂ ਦੇ ਅਧਿਐਨ ਨਾਲ ਜੁੜਦਾ ਹੈ। ਜਿਸ ਵਿਚ ਚੰਗਾ-ਬੁਰਾ, ਠੀਕ-ਗ਼ਲਤ ਆਦਿ ਸਿਧਾਂਤਾਂ ਦਾ ਜ਼ਿਕਰ ਮਿਲਦਾ ਹੈ। ਇਸ ਨੂੰ ਨੈਤਿਕ ਫ਼ਲਸਫ਼ਾ (Moral Philosophy) ਕਿਹਾ ਜਾਂਦਾ ਹੈ। ਇਸ ਦਾ ਨਿਕਾਸ ਲਾਤੀਨੀ ਭਾਸ਼ਾ ਦੇ ਸ਼ਬਦ ਮੋਰੇਜ (Mores) ਅਤੇ ਕਸਟਮਜ (Customs) ਤੋਂ ਲਿਆ ਗਿਆ ਹੈ। ਡਾ: ਵਜ਼ੀਰ ਸਿੰਘ ਅਨੁਸਾਰ, "ਪੱਛਮੀ ਮਾਨਵ-ਵਿਗਿਆਨੀਆਂ ਅਤੇ ਨੀਤੀ-ਵਿਗਿਆਨੀਆਂ ਨੇ ਪ੍ਰਾਚੀਨ ਅਤੇ ਰੋਮਨ ਸੱਭਿਅਤਾਵਾਂ ਦੇ ਸੰਕਲਪਾਂ-ਐਥੱਸ (Ethos) ਤੇ ਮੋਰੇਜ (Mores) ਨੂੰ ਵੀ ਰਿਵਾਜੀ ਸਚਾਚਾਰ ਦੇ ਥੰਮ ਮੰਨਿਆ ਹੈ। ਗ੍ਰੀਕ (ਯੂਨਾਨੀ) ਲੋਕ ਆਪਣੀਆਂ ਰਸਮਾਂ, ਵਿਚਾਰਾਂ ਅਤੇ ਕੋਡਾਂ ਦੇ ਸਮੂਹ ਨੂੰ ਅੱਥੱਸ (Ethos) ਕਹਿੰਦੇ ਸਨ, ਜਿਸ ਅਨੁਸਾਰ ਇੱਕ ਕਬੀਲਾ ਜਾਂ ਸਮੂਹ ਨੂੰ ਦੂਸਰੇ ਕਬੀਲਾ ਸਮੂਹਾਂ ਨਾਲੋਂ ਭਿੰਨ ਕੀਤਾ ਜਾਂਦਾ ਸੀ। 'ਅੱਥਿਕਸ' (ਨੈਤਿਕ ਨਿਯਮ) ਸ਼ਬਦ ਦਾ ਨਿਕਾਸ ਵੀ 'Ethos' ਵਿਚੋਂ ਹੋਇਆ ਹੈ ਜਿਸ ਦਾ ਭਾਵ 'ਠੀਕ' ਜਾਂ 'ਸ਼ੁਭ' ਕਰਮਾਂ ਨਾਲ ਜੁੜਦਾ ਹੈ।''[3] ਡਾ: ਜਗਬੀਰ ਸਿੰਘ ਅਨੁਸਾਰ 'ਨੈਤਿਕਤਾ ਦਾ ਨਿਕਾਸ 'ਸੰਸਕ੍ਰਿਤ ਦੇ ਸ਼ਬਦ 'ਨੀਤਿ' ਦਾ ਵਿਕਸਿਤ ਰੂਪ ਹੈ ਜੋ 'ਨੀ' ਧਾਤੂ ਤੋਂ ਬਣਿਆ ਹੈ। ਇਸ ਧਾਤੂ ਦੇ ਪ੍ਰਧਾਨ ਅਰਥ ਹਨ-ਲੈ ਜਾਣਾ ਜਾਂ ਅਗਵਾਈ ਕਰਨਾ। ਅਰਥਾਤ ਜੋ ਮਨੁੱਖ ਦੇ ਜੀਵਨ ਵਿਚ ਅਗਵਾਈ ਕਰਦੇ ਜਾਂ ਉਸ ਨੂੰ ਕਿਸੇ ਆਦਰਸ਼ ਪ੍ਰਾਪਤੀ ਵੱਲ ਲੈ ਜਾਵੇ ਉਹ ਨੈਤਿਕਤਾ ਆਖੀ ਜਾ ਸਕਦੀ ਹੈ।"[4] ਨੈਤਿਕਤਾ ਕਰਕੇ ਹੀ ਮਨੁੱਖੀ ਸੁਭਾਅ, ਤੇ ਜਾਨਵਰ ਦੇ ਸੁਭਾਅ ਵਿਚ ਅੰਤਰ ਪਛਾਣਿਆਂ ਜਾਂਦਾ ਹੈ। ਕ੍ਰਿਸ਼ਨ ਚੰਦਰ ਹਿੰਦੀ ਲੇਖਕ ਦੇ ਵਿਚਾਰ ਦਾ ਪੰਜਾਬੀ ਅਨੁਵਾਦ "ਨੀਤੀ ਸ਼ਾਸਤਰ ਉਹ ਵਿਗਿਆਨ ਹੈ ਜਿਸ ਦਾ ਸੰਬੰਧ ਮਨੁੱਖ ਦੇ ਆਚਰਣ ਨਾਲ ਹੈ ਅਤੇ ਉਹ ਇਸ ਵਿਸ਼ੇ ਤੇ ਵਿਚਾਰ ਕਰਦਾ ਹੈ ਕਿ ਕਿਹੜਾ ਆਚਰਣ ਸਹੀ ਹੈ ਅਤੇ ਕਿਹੜਾ ਗ਼ਲਤ, ਕਿਹੜਾ ਆਚਰਣ ਅੱਛਾ ਹੈ ਤੇ ਕਿਹੜਾ ਬੁਰਾ। ਦੂਜੇ ਸ਼ਬਦਾਂ ਵਿਚ ਨੀਤੀ ਸ਼ਾਸਤਰ ਦਾ ਉਦੇਸ਼ ਸਹੀ ਜਾਂ ਗ਼ਲਤ ਅਤੇ ਅੱਛਾ ਜਾਂ ਬੁਰੇ ਦੇ ਦ੍ਰਿਸ਼ਟੀਕੋਣ ਤੋਂ ਆਚਰਣ ਦੇ ਸੰਬੰਧ ਵਿਚ ਸਾਡੇ ਨਿਰਣਿਆਂ ਦਾ ਵਿਧੀਵੱਤ ਵਰਣਨ ਦੇਣਾ ਹੈ।"[5] ਨੈਤਿਕਤਾ ਕਰਕੇ ਮਨੁੱਖ ਆਪਣੀਆਂ ਭਾਵਨਾਵਾਂ ਦੇ ਨਾਲ-ਨਾਲ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ

ਕਰਦਾ ਹੈ। ਇਸ ਤਰ੍ਹਾਂ ਨੈਤਿਕਤਾ ਸਮਾਜ ਅਤੇ ਵਿਅਕਤੀ ਦੇ ਹਿੱਤਾਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣ, ਪਿਆਰ-ਸਦਭਾਵਨਾਵਾਂ ਬਣਾਈ ਰੱਖਣ ਦਾ ਵਧਿਆ ਵਸੀਲਾ ਹੈ।

ਧਰਮ ਤੇ ਨੈਤਿਕਤਾ ਇੱਕ-ਦੂਜੇ ਦੇ ਪੂਰਕ ਵਜੋਂ ਕਾਰਜਸ਼ੀਲ ਹਨ। ਡਾ: ਹਰਬੰਸ ਸਿੰਘ ਲਿੱਟ ਅਨੁਸਾਰ 'ਗੁਰਬਾਣੀ ਅਤੇ ਨੈਤਿਕਤਾ ਵੱਖੋ-ਵੱਖਰੀਆਂ ਨਹੀਂ ਸਗੋਂ ਸਮਾਨਅਰਥੀ ਹਨ। ਗੁਰਬਾਣੀ ਮਨੁੱਖ ਨੂੰ ਸੱਚ, ਪ੍ਰੇਮ, ਨਿਮਰਤਾ, ਖਿਮਾ, ਸੇਵਾ, ਪਰਉਪਕਾਰੀ, ਸਬਰ-ਸੰਤੋਖ, ਸਹਿਜ, ਦਇਆ ਆਦਿ ਨੈਤਿਕ ਗੁਣਾਂ ਨੂੰ ਅਗਣਾਉਣ ਦੀ ਪ੍ਰੇਰਣਾ ਦਿੰਦੀ ਹੈ। ਗੁਰਬਾਣੀ ਮਨੁੱਖ ਦੇ ਵਿਅਕਤੀਗਤ ਤੇ ਸਮਾਜਕ, ਆਰਥਕ ਤੇ ਅਧਿਆਤਮਕ ਜੀਵਨ ਵਿਚ ਨੈਤਿਕ ਗੁਣਾਂ ਦੇ ਪ੍ਰਮੁੱਖਤਾ ਤੇ ਜ਼ੋਰ ਦਿੰਦੀ ਹੈ। ਇਸ ਤਰ੍ਹਾਂ ਗੁਰਬਾਣੀ ਨੀਤੀ-ਸ਼ਾਸਤਰ ਨਾਲ ਸੰਵਾਦ ਰਚਾਉਂਦੀ ਹੋਈ ਨੈਤਿਕਤਾ ਦੇ ਮੌਲਿਕ ਸੰਕਲਪ ਸਿਰਜਦੀ ਹੈ।"[6] ਗੁਰਬਾਣੀ ਮਨੁੱਖ ਨੂੰ ਉਚੇਰੇ ਆਦਰਸ਼ਾਂ ਤੇ ਨੈਤਿਕਤਾ ਨੂੰ ਧਾਰਣ ਕਰਨ ਲਈ ਪ੍ਰੇਰਦੀ ਹੈ।

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈ ਜੈ॥

ਅਤੇ
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥[7]

ਗੁਰਬਾਣੀ ਵਿਚ ਦ੍ਰਿਸ਼ਾਈ ਜੀਵਨ-ਜੁਗਤ ਅਨੁਸਾਰ ਜੀਵਨ ਵਤੀਤ ਕਰਕੇ ਅਵਗੁਣਾਂ (ਅਨੈਤਿਕਤਾ) ਨੂੰ ਸਹਿਜੇ ਹੀ ਨੈਤਿਕਤਾ ਵਿਚ ਰੁਪਾਂਤਰਣ ਕੀਤਾ ਜਾ ਸਕਦਾ ਹੈ।

ਗੁਰ ਮਿਲਿ ਚਜੁ ਆਚਾਰੁ ਸਿਖੁ ਤੁਧੁ ਕਦੇ ਨਾ ਲਗੈ ਦੁਖੁ॥[8]

ਗੁਰਬਾਣੀ ਅਨੁਸਾਰ ਮਨੁੱਖ ਦਾ ਅਸਲ ਪ੍ਰਯੋਜਨ ਸਮਾਜ ਵਿਚ ਰਹਿੰਦਿਆਂ, ਜੀਵਨ ਗੁਜਰਦਿਆਂ, ਭਾਵ ਸਾਰੇ ਨਿਜੀ ਤੇ ਸਮਾਜਿਕ ਚੰਗੇ ਕਾਰਜ ਕਰਦਿਆਂ ਅਨੈਤਿਕ ਅਵਗੁਣਾਂ ਤੋਂ ਬੱਚ ਕੇ ਨੈਤਿਕ ਗੁਣਾਂ ਨੂੰ ਅਪਣਾ ਕੇ ਅਧਿਆਤਮਕ ਮਾਰਗ ਤੇ ਚੱਲ ਕੇ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨੀ ਹੈ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥[9]

ਗੁਰਬਾਣੀ ਰਾਹੀਂ ਨੈਤਿਕਤਾ ਨੂੰ ਸਮਝਣ ਲਈ ਮੂਲ ਸ੍ਰੋਤ ਗੁਰੂ ਗ੍ਰੰਥ ਸਾਹਿਬ ਹਨ, ਇਸ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਵੀ ਸ਼ਾਮਿਲ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵਿਚ ਨੈਤਿਕਤਾ ਦੇ ਵੱਡਮੁੱਲੇ ਖ਼ਜ਼ਾਨੇ ਨੂੰ ਸਮਝ ਦਾ ਯਤਨ ਇਸ ਲੇਖ ਦਾ ਮੁੱਖ ਕਾਰਜ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਆਧਾਰ ਬਣਾ ਕੇ ਨੈਤਿਕਤਾ ਦੇ ਅਧਿਐਨ ਅੱਗੇ ਤੋਰਦੇ ਹਾਂ। ਜਿਵੇਂ ਅਸੀਂ ਸਮਝਿਆ ਕਿ ਨੈਤਿਕਤਾ ਚੰਗੇ ਤੇ ਬੁਰੇ ਦੇ ਵਿਰੋਧੀ ਸੰਘਰਸ਼ ਵਿਚੋਂ ਲੰਘਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਵੀ ਮਾਇਆ ਤੇ ਨਾਮ ਦਾ ਸੰਘਰਸ਼ ਹੈ ਤੇ ਅੰਤਿਮ ਜਿੱਤ ਨਾਮ ਦੀ ਦ੍ਰਿਸ਼ਾਈ ਗਈ। ਮਾਇਆ ਦਾ ਸੰਬੰਧ ਤੌਖਲਿਆਂ ਤੇ ਸਹਿਮ ਦੇ ਵਾਤਾਵਰਣ ਨਾਲ ਸੰਬੰਧਤ ਹੋਣ ਕਰਕੇ ਮਨੁੱਖ ਆਪਣੇ ਆਪ ਤੋਂ ਬੇ-ਖ਼ਬਰ ਜੋ ਰਿਹਾ ਹੈ। ਆਪਣੀ ਹੋਣੀ ਦੀ ਸੂਝ ਤੋਂ ਬੇ-ਖ਼ਬਰ ਹੋਣ ਕਰਕੇ ਹਾਰੇ-ਟੁੱਟੇ ਅਸ਼ਾਂਤ ਮਨੁੱਖੀ ਜੀਵਨ ਨੂੰ ਸੁੱਖ-ਸ਼ਾਂਤੀ ਦੀਆਂ ਘੜੀਆਂ ਘੱਟ ਹੀ ਮਿਲ ਦੀਆਂ ਹਨ। ਅਜੋਕੇ ਸਮੇਂ ਵਿਚ ਮਨੁੱਖ ਸਾਹਮਣੇ ਇਹ ਪ੍ਰਸ਼ਨ ਹਨ ਕਿ ਮੇਰੇ ਜੀਵਨ ਵਿਚ ਸਮਾਜਿਕ ਜੀਵਨ ਦਾ ਕੀ ਅਰਥ ਹੈ? ਮੇਰੇ ਜੀਵਨ ਦਾ ਪ੍ਰਯੋਜਨ ਕੀ ਹੈ? ਆਦਿ ਪ੍ਰਸ਼ਨ ਉੱਤਰ ਦੀ ਉਡੀਕ ਵਿਚ ਹਨ।

ਗੁਰੂ ਤੇਗ਼ ਬਹਾਦਰ ਬਾਣੀ ਇਨ੍ਹਾਂ ਪ੍ਰਸ਼ਨਾਂ ਦੇ ਪ੍ਰਤਿ-ਉਤਰ ਪੇਸ਼ ਕਰਦੀ ਹੈ। ਇਹ ਪ੍ਰਤਿ-ਉੱਤਰ ਦੋ ਰੂਪਾਂ ਵਿਚ ਪੇਸ਼ ਹੋਏ ਹਨ।ਪਹਿਲਾ ਮਾਇਆਵੀ ਪ੍ਰਭਾਵ ਜਿਸ ਦਾ ਸੰਬੰਧ ਅਨੈਤਿਕਤਾ ਨਾਲ ਹੈ। ਜਿਨ੍ਹਾਂ ਨੂੰ ਅਵਗੁਣ ਕਰਕੇ ਜਾਣਿਆ ਜਾਂਦਾ ਹੈ। ਦੂਜਾ ਸਦਗੁਣ ਭਾਵ ਆਦਰਸ਼ ਮਨੁੱਖੀ ਨੈਤਿਕਤਾ ਜਿਸ ਦਾ ਸੰਬੰਧ ਉਸਤਤਿ ਤੇ ਚੰਗਿਆਈ ਨਾਲ ਹੈ। ਜਿਨ੍ਹਾਂ ਨੂੰ ਸਮਝ-ਸਿੱਖਣ ਤੇ ਗ੍ਰਹਿਣ ਕਰਨ ਲਈ ਗੁਰੂ ਤੇਗ਼ ਬਹਾਦਰ ਬਾਣੀ ਬਾਰ-ਬਾਰ ਪ੍ਰੇਰਣਾ ਦਿੰਦੀ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਧਰਮ ਚਿੰਤਨ ਦੇ ਸਮਾਜਿਕ ਪ੍ਰਸੰਗ ਰਾਹੀਂ ਚੰਗੇਰੀ ਮਨੁੱਖੀ ਸ਼ਖ਼ਸੀਅਤ ਘੜਨ ਉਪਰ ਜ਼ੋਰ ਦਿੰਦੀ ਹੈ। ਮਾਨਵੀ ਸ਼ਖ਼ਸੀਅਤ ਦੇ ਇੰਦ੍ਰੀਆਵੀ ਸਰੋਕਾਰ ਅਧਿਆਤਮਕ ਸਰੋਕਾਰਾਂ ਨਾਲ ਤਨਾਉ ਵਿਚ ਚੱਲਦੇ ਹਨ। ਮਨੁੱਖੀ ਸ਼ਖ਼ਸੀਅਤ ਦੇ ਇੰਦੀਆਵੀ ਸਰੋਕਾਰਾਂ ਪਿੱਛੇ ਕਾਰਜਸ਼ੀਲਤਾ ਨੂੰ ਗੁਰੂ ਤੇਗ਼ ਬਹਾਦਰ ਜੀ ਬਾਣੀ ਵਿਚ 'ਮਾਇਆ' ਸ਼ਬਦ ਰਾਹੀਂ ਸੰਬੋਧਨ ਕਰਦੇ ਹਨ। ਮਾਇਆਵੀ ਸਰੋਕਾਰਾਂ ਨਾਲ ਸੰਬੰਧਤ ਮਾਨਵਤਾ ਤੇ ਸਮਾਜਿਕਤਾ ਉਲਾਰ, ਬਿਮਾਰ, ਤੇ ਵਿਕਾਰੀ ਭਾਵ ਅਨੈਤਿਕ ਸਰੋਕਾਰਾਂ ਵਿਚ ਉਲਝ ਜਾਂਦੀ ਹੈ। ਮਨੁੱਖੀ ਸੁਰਤ ਤੇ ਬੁੱਧੀ ਮਾਇਆਵੀ ਸਰਦਾਰੀ ਦੇ ਸ਼ੋਰ-ਸ਼ਰਾਵੇ ਵਿਚ ਗੁਆਚ ਜਾਂਦੀ ਹੈ। ਇਹ ਮਨੁੱਖੀ ਮਨ ਨੂੰ ਅੰਧਕਾਰਮਈ ਸਥਿਤੀ ਵੱਲ ਆਕ੍ਰਿਸ਼ਤ ਕਰਦੀ ਹੈ। ਸਾਧਾਰਣ ਮਨੁੱਖਾਂ ਦੇ ਨਾਲ-ਨਾਲ ਮਾਇਆ ਆਪਣੇ ਪ੍ਰਭਾਵ ਰਾਹੀਂ ਜੋਗ-ਸਾਧਨਾ ਵਿਚ ਲੀਨ ਜੋਗੀ-ਗਣ ਵੀ ਆਪਣੀ ਜੀਵਨ-ਜੁਗਤ ਤੋਂ ਭੱਟਕ ਕੇ ਅਨੈਤਿਕ ਜੀਵਨ-ਸ਼ੈਲੀ ਕਾ ਅੰਗ ਬਣ ਜਾਂਦੇ ਹਨ। ਉਨ੍ਹਾਂ ਦਾ ਪ੍ਰਭੂ-ਪ੍ਰੇਮ ਖੰਡਿਤ ਹੋ ਜਾਂਦਾ ਹੈ।

ਮਾਇਆ ਕਿਸ ਚੀਜ਼ ਦਾ ਨਾਂ ਹੈ? ਮਾਇਆ ਮਨੁੱਖੀ ਮਨ ਤੇ ਕਿਵੇਂ ਪ੍ਰਭਾਵ ਪਾਉਂਦੀ ਹੈ? ਮਾਇਆ ਜੀਵ-ਆਤਮਾ ਤੋਂ ਕਿਹੜੇ ਕਾਰਜ ਕਰਵਾਉਂਦੀ ਹੈ।ਮਾਇਆ ਕਿਵੇਂ ਅਨੈਤਿਕ ਅਵਗੁਣਾਂ ਪਿੱਛੇ ਕਾਰਜਸ਼ੀਲ ਰਹਿੰਦੀ ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਗੁਰੂ ਅਮਰਦਾਸ ਜੀ ਬੜੀ ਹੀ ਸਰਲ ਵਿਧੀ ਰਾਹੀਂ ਦਿੰਦੇ ਹਨ :

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥[10]

ਭਗਤ ਰਵਿਦਾਸ ਜੀ ਫੁਰਮਾਂਦੇ ਹਨ ਕਿ ਮਾਇਆ ਮਨੁੱਖੀ ਸੋਚਾਂ ਅੰਦੇਸਿਆਂ ਰਾਹੀਂ ਸਮਾਜਿਕ ਵੰਡ, ਸ਼੍ਰੇਣੀ-ਵੰਢ, ਜਨਮ-ਜਾਤ, ਨਸਲ, ਮਾਲਕ-ਨੌਕਰ, ਤਾਕਤਵਰ-ਕਮਜ਼ੋਰ, ਅਮੀਰ-ਗਰੀਬ ਆਦਿ ਅਨੈਤਿਕਤਾ ਸੰਬੰਧਾਂ ਨੂੰ ਸਿਰਜਦੀ ਹੈ। ਇਹ ਨਾਲ

ਮਨੁੱਖੀ ਇੰਦਰੀਆਂ ਹੀ ਬੇ-ਬਸ ਨਹੀਂ ਹੁੰਦੀਆਂ ਸਗੋਂ ਬੁੱਧ ਵੀ ਬਿਬੇਕਹੀਨ ਹੋ ਜਾਂਦੀਂ ਹੈ।

ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥[11]

ਇਸ ਤਰ੍ਹਾਂ ਮਨੁੱਖੀ ਜੀਵ-ਆਤਮਾ ਨੂੰ ਮਾਇਆ ਆਪਣੇ ਪ੍ਰਭਾਵ ਰਾਹੀਂ ਅਥਿਰ ਕਰਦੀ ਹੈ। ਇਹ ਕਿਸ ਤਰ੍ਹਾਂ ਦੇ ਕਾਰਜਾਂ ਰਾਹੀਂ ਪ੍ਰਗਟ ਹੁੰਦੀ ਹੈ? ਇਸ ਦੀ ਕੀ ਨਿਸ਼ਾਨੀ ਹੈ? ਇਨ੍ਹਾਂ ਪ੍ਰਸ਼ਨਾਂ ਦੇ ਪ੍ਰਤੀ-ਉੱਤਰ ਗੁਰੂ ਅਮਰਦਾਸ ਦੀ ਬਾਣੀ ਵਿਚੋਂ ਪ੍ਰਾਪਤ ਹੁੰਦੇ ਹਨ।ਆਪ ਜੀ ਅਨੁਸਾਰ ਮਾਇਆ ਮਨੁੱਖੀ ਜਨਮ ਲੈਣ ਸਾਰ ਉਸ ਦਾ ਜੀਵਨ-ਅੰਗ ਬਣ ਜਾਂਦੀ ਹੈ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥[12]

ਗੁਰੂ ਜੀ ਸਮਝਾਉਂਦੇ ਹਨ ਕਿ ਮਨੁੱਖੀ ਜੀਵ-ਆਤਮਾ ਜਨਮ ਲੈਣ ਨਾਲ ਹੀ ਮਾਇਕ ਪ੍ਰਭਾਵ ਕਬੂਲ ਲੈਂਦੀ ਹੈ। ਉਸ ਦਾ ਰਿਸ਼ਤਾ ਲਿਵ ਨਾਲੋਂ ਟੁੱਟ ਕੇ ਧਾਤ (ਮਾਇਆ) ਨਾਲ ਜੁੜ ਜਾਂਦਾ ਹੈ। ਮਨ ਮਾਇਆ ਦੀ ਅਧੀਨਗੀ ਹੇਠ ਵਿਚਰਨ ਲੱਗ ਜਾਂਦਾ ਹੈ। ਸੰਸਾਰਕ ਮੋਹ ਉਪਜਦਾ ਹੈ ਤੇ ਮਾਇਕ ਪਦਾਰਥਾਂ ਨਾਲ ਪ੍ਰੇਮ-ਪਿਆਰ ਪੈ ਜਾਂਦਾ ਹੈ। ਮਾਇਆ ਦੇ ਰੰਗ ਬੜੇ ਮਨਮੋਹਕ ਹੁੰਦੇ ਹਨ, ਇਹ ਮਨੁੱਖੀ ਮਨ ਨੂੰ ਆਸਾਨੀ ਨਾਲ ਆਪਣੇ ਪਿੱਛੇ ਲਾ ਲੈਂਦੇ ਹਨ। ਮਾਇਆ ਕਦੇ ਪਰਿਵਾਰ ਮੈਂਬਰ ਬਣ , ਕਦੇ ਜੋਬਨ ਬਣ ਕੇ, ਕਦੇ ਧਨ-ਦੌਲਤ ਦਾ ਲਾਲਚ ਬਣ ਕੇ, ਮਨ ਨੂੰ ਮਦਹੋਸ਼ ਕਰ ਲੈਂਦੀ ਹੈ? ਮਨੁੱਖੀ ਮਨ ਮਾਇਆ ਦੇ ਮੋਹ ਵਿਚ ਘਿਰ ਜਾਂਦਾ ਹੈ। ਉਸ ਨੂੰ ਨੈਤਿਕ ਗੁਣਾਂ ਵੱਲ ਦੇਖਣ ਸੁੱਣਨ ਦੀ ਸੁੱਧ-ਬੁੱਧ ਭੁੱਲ ਜਾਂਦੀ ਹੈ। ਇਸ ਸਥਿਤੀ ਨੂੰ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਸਪੱਸ਼ਟ ਕਰਦੇ ਹਨ :

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅੰਹਕਾਰਿ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ॥[13]

ਅਤੇ
ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ॥[14]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਾਇਆ ਦੀ ਜਟਿਲਤਾ ਬਾਰੇ ਫ਼ੁਰਮਾਉਂਦੀ ਹੈ ਕਿ ਇਹ ਆਪਣਾ ਖੇਲ ਮਨ ਰਾਹੀਂ ਖੇਲਦੀ ਹੈ। ਇਹ ਖੇਲ ਇਨ੍ਹੀਂ ਚੁਸਤੀ ਤੇ ਪ੍ਰਬੀਨਤਾ ਨਾਲ ਖੇਡਿਆ ਜਾਂਦਾ ਹੀ ਕਿ ਇਸ ਦੇ ਭਰਮ-ਭੁਲੇਖੇ ਵਾਲੇ ਜਾਲ ਵਿਚੋਂ ਨਿਕਲਣਾ ਸਾਧਾਰਣ ਮਨੁੱਖ ਲਈ ਬਹੁਤ ਔਖਾ ਕਾਰਜ ਹੈ। ਇਹ ਮਨ ਨੂੰ ਅਨੈਤਿਕ ਅਵਗੁਣਾਂ ਵਿਚ ਉਲਝਾਈ ਰੱਖਦੀ ਹੈ।

ਮਨ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤ॥[15]

ਮਨ ਮਾਇਆਵੀ ਚਿੱਕੜ ਵਿੱਚੋਂ ਨਿਕਲਣ ਲਈ ਰਾਜੀ ਹੀ ਨਹੀਂ ਹੁੰਦਾ, ਸਗੋਂ ਹੋਰ ਇਸ ਦੀ ਦੱਲ-ਦੱਲ ਵਿਚ ਫਸਦਾ ਜਾਂਦਾ ਹੈ। ਮਨ ਮਾਇਆ ਦੇ ਰਸਤੇ (ਕੂੜ) ਚੱਲ ਕੇ ਅਨੈਤਿਕ ਬਦੀਆਂ ਨੂੰ ਗ੍ਰਹਿਣ ਕਰਦਾ ਚਲਾ ਜਾਂਦਾ ਹੈ ਤੇ ਨੈਤਿਕ ਕਾਰਜਾਂ ਵੱਲੋਂ ਮੂੰਹ ਮੋੜੀ ਰੱਖਦਾ ਹੈ। ਮਨੁੱਖੀ ਮਨ ਚੰਚਲਤਾ ਦੇ ਅਧੀਨ ਕਾਰਜ ਕਰਨ ਲੱਗ ਜਾਂਦਾ ਹੈ। ਚੰਚਲਤਾ ਅਣਸਾਧੇ ਮਨ ਦਾ ਵਿਗੜੈਲ ਸੁਭਾਅ ਹੈ।ਇੰਦੀਆਈ ਭਾਵ ਅਨੈਤਿਕ ਸੁਭਾਅ ਨਾਲ ਮਿਲ ਕੇ ਜੀਵਨ ਦੀ ਕਾਰ-ਗੁਜ਼ਾਰੀ ਨੂੰ ਵਿਸ਼ੇ-ਵਿਕਾਰਾਂ ਵੱਲ ਪ੍ਰੇਰਦੇ ਹਨ। ਮਨੁੱਖੀ ਮਨ ਮਾਇਕ ਵਾਸਨਾ ਯੁਕਤ ਹੋਣ ਕਰਕੇ ਜਿੱਧਰ ਨੂੰ ਇੰਦੀਆਈ ਰੁਚਿਆਂ ਮਨ ਨੂੰ ਦੌੜਾਉਂਦਿਆਂ ਹਨ ਉੱਧਰ ਦੀ ਹੀ ਦੌੜ-ਭੱਜ ਵਿਚ ਮਗਨ ਰਹਿੰਦਾ ਹੈ।

ਸਾਧੋ ਇਹੁ ਮਨੁ ਗਹਿਓ ਨ ਜਾਈ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥
ਰਤਨੁ ਗਿਆਨੁ ਸਭ ਮਨ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥[16]

ਮਾਇਆ ਗਿਆਨ ਨੂੰ ਚੋਰੀ ਕਰ ਲੈਂਦੀ ਹੈ। ਮਨ ਆਪਣੇ ਆਪ ਨੂੰ ਇਸ ਸਥਿਤੀ ਤੋਂ ਬਾਹਰ ਨਹੀਂ ਲਿਆਉਣਾ ਚਾਹੁੰਦਾ ਤੇ ਆਪਣੀ ਮਾੜੀ ਅਨੈਤਿਕ ਸਥਿਤੀ ਨੂੰ ਹੀ ਪਿਆਰ ਕਰੀ ਜਾਂਦਾ ਹੈ। ਮਾਇਆ ਦੇ ਛਲ-ਕਪਟ ਦੀਆਂ ਹੇਰਾਂ-ਫੇਰੀਆਂ ਬਹੁਤ ਚੁਸਤ ਹੁੰਦੀਆਂ ਹਨ, ਇਹ ਛੇਤੀ ਕਿਤੇ ਨੈਤਿਕਤਾ ਦੀ ਸਮਝ ਨਹੀਂ ਆਉਂਣ ਦਿੰਦਿਆਂ। ਇਸ ਦੁਆਰਾ ਕੀਤੇ ਅਉਗੁਣਾਂ (ਅਨੈਤਿਕਤਾ) ਨੂੰ ਗੁਣਾਂ (ਨੈਤਿਕਤਾ) ਦੇ ਭੁਲੇਖੇ ਰਾਹੀਂ ਬਦੀ ਨੂੰ ਨੇਕੀ ਦਾ ਨਕਾਬ ਪਾ ਕੇ ਪੇਸ਼ ਕਰਦੀ ਹੈ। ਦੂਜੇ ਸ਼ਬਦਾਂ ਵਿਚ ਮਨ ਮਾਇਆ ਦੇ ਭਰਮ-ਜਾਲ ਵਿਚ ਫਸਿਆ ਰਹਿੰਦਾ ਹੈ, ਇਹ ਹਉਮੈ ਦਾ ਸ਼ਿਕਾਰ ਹੋ ਜਾਂਦਾਂ ਹੈ ਜਿਹੜਾ ਇਸ ਕਾ ਸੰਬੰਧ ਬਾਹਰਲੇ ਸੰਸਾਰਕ ਪਦਾਰਥਾਂ ਨਾਲ ਜੋੜ ਕੇ ਲੋਭੀ ਬਣਾ ਦਿੰਦਾ ਹੈ।ਇਹ ਲੋਭੀ ਮਨ ਵਧੀਕੀਆਂ ਕਰਦਾ ਹੈ ਤੇ ਜ਼ਿੰਦਗੀ ਇਸ ਮੋਹ ਦੇ ਫ਼ਰੇਬ ਵਿਚ ਫੱਸ ਜਾਂਦੀ ਹੈ। ਮਨੁੱਖ ਅੱਗੋਂ ਹੋਰ ਅਨੈਤਿਕ ਅਵਸਥਾਵਾਂ ਵਿਚ ਧੱਸਦਾ ਜਾਂਦਾ ਹੈ। ਅਨੈਤਿਕ ਅਵਗੁਣ ਤ੍ਰਿਸਨਾ, ਲਾਲਸਾ ਤੇ ਵਾਸਨਾ ਆਦਿ ਮਨ ਨੂੰ ਆਪਣੇ ਬੰਧਨ ਵਿਚ ਬੰਨ੍ਹੀ ਰੱਖਦਿਆਂ ਹਨ। ਇਸ ਸਥਿਤੀ ਬਾਰੇ ਗੁਰੂ ਤੇਗ਼ ਬਹਾਦਰ ਸਾਹਿਬ ਫ਼ੁਰਮਾਉਂਦੇ ਹਨ :

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥[17]

ਮਾਇਆ ਲਾਲਚ ਰੂਪ ਧਾਰਣ ਕਰਕੇ ਮਨ ਨੂੰ ਮਲੀਨ ਤੇ ਕਮਜ਼ੋਰ ਕਰਕੇ ਭੈੜਿਆਂ ਰੁਚੀਆਂ ਤੇ ਮਾੜੀਆਂ ਵਾਸਨਾਵਾਂ (ਅਨੈਤਿਕ ਅਵਗੁਣਾਂ) ਤੇ ਇੰਦਰਿਆਵੀ ਸੁਆਦਾਂ ਵੱਲ ਭਜਾਈ ਫਿਰਦੀ ਹੈ।ਮਨ ਸੰਸਾਰਕ ਤੇ ਪਦਾਰਥਕ ਪ੍ਰਾਪਤੀਆਂ ਨੂੰ ਉੱਤਮ ਸਮਝੀ ਜਾਂਦਾ ਹੈ।ਮਾਇਕ ਕਾਮੁਕ ਰੁਚੀਆਂ ਜਦੋਂ ਵਧੇਰੇ

ਸ਼ਕਤੀਸ਼ਾਲੀ ਹੋ ਜਾਣ ਤਾਂ ਕਾਮ-ਭੁੱਖ ਮਨੁੱਖੀ ਮਨ ਨੂੰ ਕਾਮਾਤੁਰ ਕਰ ਦੇਂਦੀ ਹੈ ਤੇ ਅਨੈਤਿਕ ਵਿਵਹਾਰ ਵੱਲ ਰੁਚਿਤ ਕਰਦੀ ਹੈ। ਮਨ ਨੂੰ ਨੈਤਿਕਤਾ ਦੀ ਸਮਝ ਨਹੀਂ ਆਉਂਦੀ ਤੇ ਪਰਮਾਤਮ ਮਿਲਾਪ ਤੋਂ ਦੂਰੀ ਬਣੀ ਰਹਿੰਦੀ ਹੈ।

> ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥ [18]

ਹਉਮੈ ਦੀਆਂ ਪੰਜੇ ਵਿਕਾਰੀ ਮਨੋਵਿਰਤੀਆਂ ਮਨ ਨੂੰ ਆਪਣੇ ਵੱਸ ਵਿਚ ਰੱਖ ਕੇ ਮਨੁੱਖੀ ਆਚਰਣ ਨੂੰ ਅਨੈਤਿਕ ਵਿਵਹਾਰ ਵੱਲ ਪ੍ਰੇਰਿਤ ਕਰਦਿਆਂ ਰਹਿੰਦਿਆਂ ਹਨ। ਮੂਰਖ ਮਨ ਅਗਿਆਨ ਵੱਸ ਹੋਇਆ ਕਿਸੇ ਚੰਗੀ ਸਿੱਖਿਆ, ਚੰਗੀ ਨੈਤਿਕਤਾ ਦਾ ਅਸਰ ਨਹੀਂ ਕਬੂਲਦਾ ਸਗੋਂ ਸਮਝਾਉਣ ਤੇ ਵੀ ਨਹੀਂ ਸਮਝਦਾ। ਇਨ੍ਹਾਂ ਵਿਕਾਰਾਂ ਨੂੰ ਮਹਾ-ਬਲੀ ਕਿਹਾ ਗਿਆ ਹੈ। ਭਾਵੇ ਧਾਰਮਿਕ ਪਾਠ ਕਰੀਏ, ਭਾਵੇਂ ਛੇ ਸ਼ਾਸਤਰਾਂ ਨੂੰ ਵਿਚਾਰੀਏ, ਭਾਵੇਂ ਯੋਗ ਦੇ ਆਸਣ ਕਰੀਏ ਫਿਰ ਵੀ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਮੁਕਤੀ ਮਿਲਣੀ ਬੜੀ ਔਖੀ ਹੈ।

> ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥ [19]

ਗੁਰੂ ਤੇਗ਼ ਬਹਾਦਰ ਬਾਣੀ ਵਿਚ ਮਨ ਦਾ ਅਨੈਤਿਕ ਅਵਗੁਣਾਂ ਨਾਲ ਜੁੜਨ ਦਾ ਕਾਰਨ 'ਹਰਿ ਨੂੰ ਵਿਸਾਰ' ਕੇ ਮਾਇਆ ਦੇ ਲੜ ਲੱਗਣਾ ਹੈ। ਇਹ ਮਾਇਆ ਮਨੁੱਖੀ ਮਨ ਨੂੰ ਭਰਮ ਦ੍ਰਿਸ਼ਟੀ ਵਿਚ ਫੱਸਾ ਲੈਂਦੀ ਹੈ। ਮਨ ਨੂੰ ਕੁਦਰਤ ਵਿਚੋਂ ਕਾਦਰ 'ਹਰਿ' ਦੇ ਦਰਸ਼ਨ ਕਰਾਉਣ ਦੀ ਥਾਂ ਪਦਾਰਥਕ ਸੰਸਾਰ ਵਿੱਚੋਂ ਸੁੱਖ-ਪ੍ਰਾਪਤੀ ਦਾ ਭਰਮ ਪੈਦਾ ਕਰਦੀ ਹੈ। ਇੱਥੇ ਪਹੁਚ ਕੇ ਮਨ ਤੇ ਪਰਮਾਤਮ-ਲਿਵ ਦੀ ਇਕ-ਸੁਰਤਾ ਭੰਗ ਹੋ ਜਾਂਦੀ ਹੈ, ਵਿਵੇਕ ਤੇ ਬੁੱਧੀ ਮੈਲੀ ਹੋ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਿਅੰਤਰਣ ਤੋਂ ਬਾਹਰ ਹੋ ਜਾਂਦੇ ਹਨ। ਵਾਸਨਾਵਾਂ ਮਨ ਨੂੰ ਅਨੈਤਿਕ ਅਵਗੁਣਾਂ ਨਾਲ ਸੰਬੰਧਤ ਕਰਦਿਆਂ ਹਨ। ਇਸ ਤਰ੍ਹਾਂ ਮਨੁਖੀ ਮਾਨਸਿਕਤਾ ਕੁਕਰਮੀ, ਅਪਰਾਧੀ, ਗੁਨਹ-ਗਾਰ, ਭ੍ਰਿਸ਼ਟਾਚਾਰੀ, ਦੰਭੀ, ਪਾਖੰਡੀ ਆਦਿ ਅਵਗੁਣਾਂ (ਅਨੈਤਿਕਤਾ) ਨਾਲ ਮਲੀਨ ਹੋ ਜਾਂਦੀ ਹੈ। ਅਨੈਤਿਕਤਾ ਰਾਹੀਂ ਗ਼ੈਰ-ਮਾਨਵੀ ਅਤੇ ਪਾਸ਼ਵਿਕ ਪ੍ਰਵਿਰਤੀਆਂ ਪ੍ਰਭਾਵਸ਼ੀਲ ਹੋ ਜਾਂਦਿਆਂ ਹਨ।

ਗੁਰੂ ਤੇਗ਼ ਬਹਾਦਰ ਜੀ ਆਪਣੀ ਬਾਣੀ ਵਿਚ ਮਨੁੱਖੀ ਜੀਵਨ ਨੂੰ ਸੰਤੁਲਿਤ ਰੱਖਣ ਦੀ ਬਾਰ-ਬਾਰ ਪ੍ਰੇਰਨਾ ਦਿੰਦੇ ਹਨ।ਉਪਰੋਕਤ ਅਨੈਤਿਕ ਮਾਨਸਿਕਤਾ ਤੋਂ ਬਚਣ ਲਈ ਜਾਗਦੇ ਰਹਿਣ ਦੀ ਜ਼ਰੂਰਤ ਦ੍ਰਿਸ਼ਾਂਦੇ ਹਨ। ਹਰ ਪਲ ਨੈਤਿਕ ਗੁਣਾਂ ਨੂੰ ਧਾਰਣ ਲਈ ਤਾਕੀਦ ਕਰਦੇ ਹਨ।

> ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥ [20]

ਗੁਰੁ ਜੀ ਮਾਇਆਵੀ ਵਿਰਤੀਆਂ ਵਿਚ ਸੁਤੇ ਨੂੰ ਜਗਾਉਣ ਦੀ ਪ੍ਰੇਰਣਾ ਦਿੰਦੇ ਹਨ। ਜਾਗਣ ਨਾਲ ਸ੍ਵੈ-ਚੇਤਨਾ ਮੁੜ ਸੁਰਜੀਤ ਹੁੰਦੀ ਹੈ ਤੇ ਜੀਵ-ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦਾ ਕਾਰਜ ਕਰਦੀ ਹੈ। ਜਿੱਥੇ ਮਨੁੱਖੀ ਸਰੀਰ ਕਾਮ-ਕ੍ਰੋਧ ਦੀ ਨਗਰੀ ਹੈ ਉੱਥੇ "ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥" (ਸੋਰਿਠ ਮਹਲਾ 9, ਅੰਗ 631) ਅਤੇ "ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥" (ਸੋਰਿਠ ਮਹਲਾ 9, ਅੰਗ 631)

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਸ਼ਖ਼ਸੀਅਤ ਦੀ ਉੱਚੱਤਮ ਪਦਵੀ ਪ੍ਰਾਪਤੀ ਦਾ ਭੇਦ ਦਿੰਦੇ ਹਨ। ਮਨੁੱਖੀ ਜੀਵਨ ਲਈ ਆਸ਼ਵੰਦ ਧਾਰਨਾ ਪ੍ਰਦਾਨ ਕਰਦੇ ਹਨ। ਮਾਨਵੀ ਹੋਂਦ ਰਾਹੀਂ ਲੋਕ-ਪ੍ਰਲੋਕ ਦੋਹਾਂ ਨੂੰ ਸੁਆਰਨ ਲਈ ਪ੍ਰੇਰਦੇ ਹਨ।

ਰੇ ਮਨ ਓਟ ਲੇਹੁ ਹਰਿਨਾਮਾ॥

> ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥ [21]

> ਅਤੇ
> ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥
> ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵ॥ [21]

ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਜਿਸ ਮਨੁੱਖ ਨੇ ਪਰਮਾਤਮਾ ਦੇ ਨਾਮ ਦਾ ਆਸਰਾ ਲਇਆ ਉਸ ਦੇ ਜਨਮ-ਜਨਮਾਂਤਰਾਂ ਦੇ ਕੀਤੇ ਪਾਪ (ਅਨੈਤਿਕ ਕਾਰਜ) ਨਾਸ਼ ਹੋ ਜਾਣਗੇ। ਉਹ ਜੀਵ-ਆਤਮਾ ਆਤਮਕ ਅਵਸਥਾ ਦੀ ਧਾਰਣੀ ਬਣ ਜਾਵੇਗੀ ਉੱਥੇ ਫਿਰ ਵਾਸਨਾ ਦੀ ਹੱਦ-ਬੰਦੀ ਸਮਾਪਤ ਹੋ ਜਾਂਦੀ ਹੈ।ਇਸ ਤਰ੍ਹਾਂ ਮਨੁੱਖੀ ਆਤਮਾ ਅਨੇਕਾਂ ਜਨਮਾਂ ਵਿਚ ਕੀਤੇ ਅਨੈਤਿਕ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਕੇ ਬੈਕੁੰਠ ਨਿਵਾਸੀ ਬਣ ਜਾਵੇਗੀ।

ਗੁਰੂ ਤੇਗ਼ ਬਹਾਦਰ ਜੀ ਨੇ ਉਰੋਕਤ ਵਿਚਾਰ ਨੂੰ ਸਮਝਉਣ ਲਈ ਮਿਥਕ ਲੋਕ ਕਥਾਵਾਂ ਦੇ ਦ੍ਰਿਸ਼ਟਾਂਤਾਂ ਰਾਹੀਂ ਅਨੈਤਿਕ ਅਵਗੁਣਾਂ ਦਾ ਨੈਤਿਕ ਗੁਣਾਂ ਵਿਚ ਪਰਿਵਰਤਨ ਸੰਭਾਵਨਾਵਾਂ ਦੀ ਪੇਸ਼ਕਾਰੀ ਕਰਦੇ ਹਨ। ਜਿਸ ਨਾਲ ਨੈਤਿਕ ਕੀਮਤਾਂ ਦੀ ਮਹੱਤਤਾ ਨੂੰ ਸਹਿਜੇ ਹੀ ਸਮਝਿਆ ਜਾ ਸਕੇ। ਇਨ੍ਹਾਂ ਮਿਥਕ ਕਥਾਵਾਂ ਰਾਹੀਂ ਗੁਰੂ ਜੀ ਨੇ ਦੋ ਤਰ੍ਹਾਂ ਦੀ ਅਗਵਾਈ ਕੀਤੀ ਹੈ। ਪਹਿਲੀ 'ਸ਼ਰਣਾਗਤ' ਦੂਜੀ 'ਹਰਿ ਸਿਮਰਨ' ਇਹ ਅਮੋਲਕ ਮਨੁੱਖੀ ਜਨਮ ਦਾ ਕਲਿਆਣ-ਕਾਰੀ ਮਾਰਗ ਹੈ, ਜਿਹੜਾ ਲੋਕ-ਜੀਵਨ ਵਿਚ ਨੈਤਿਕ ਕੀਮਤਾਂ ਦੀ ਸਥਾਪਨਾ ਕਰਦਾ ਹੈ। ਗੁਰੂ ਜੀ 'ਸ਼ਰਣ' ਆਉਣ ਦੀ ਇੱਛਾ ਦੇ ਦੋ ਕਾਰਨ ਨਿਸ਼ਚਿਤ ਕਰਦੇ ਹਨ। ਪਹਿਲਾ 'ਪਛਤਾਵਾ' ਦੂਜਾ 'ਭੈ' ਡਰ ਵਿਚੋ ਪੈਦਾ ਹੋਈ ਆਸ। ਇਸ ਤਰ੍ਹਾਂ ਸ਼ਰਣਾਗਤਿ ਭਾਵ ਤੇ ਡਰ ਮਨੁੱਖੀ ਮਨ ਵਿਚ ਦ੍ਰਿੜ੍ਹ ਵਿਸ਼ਵਾਸ ਪੈਦਾ ਕਰਦੇ ਹਨ ਕਿ ਹੁਣ ਉਸ ਨੂੰ ਪਰਮਾਤਮਾ ਦਾ ਓਟ-ਆਸਰਾ ਪ੍ਰਾਪਤ ਹੋਣਾ ਨਿਸ਼ਚਿਤ ਹੈ।

> ਹਰਿ ਜੂ ਰਾਖਿ ਲੇਹੁ ਪਤਿ ਮੇਰੀ॥
> ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ॥ [22]

> ਅਤੇ
> ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ॥
> ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ॥ [22]

> ਅਤੇ
> ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ॥ [23]

ਜਦੋਂ ਜੀਵ-ਆਤਮਾ ਸੁਹਿਰਦਤਾ ਨਾਲ ਪਰਮਾਤਮਾ ਪਾਸੋਂ ਸ਼ਰਣ ਲਈ ਅਰਦਾਸ ਕਰਦੀ ਹੈ ਉਸ ਸਮੇਂ ਪਰਮਾਤਮਾ ਆਪ ਅਰਦਾਸੀਏ ਦੀਨ-ਦੁੱਖੀ ਦੀ ਬਾਂਹ ਫੜ ਕੇ ਮਾਇਆ ਦੇ ਹਨੇਰੇ ਖੂਹ ਵਿਚੋਂ ਉਸ ਪ੍ਰਾਣੀ ਨੂੰ ਕੱਢ ਲੈਂਦੇ ਹਨ। ਇਸ ਦੀ ਉਦਾਹਰਣ ਗੁਰੂ ਜੀ ਦੀ ਬਾਣੀ ਵਿੱਚੋਂ ਗਨਕਾ ਪਾਤਰ ਦੇ ਹਵਾਲੇ ਨਾਲ ਮਿਲਦੀ ਹੈ। ਗਨਕਾ ਪਾਤਰ ਅਨੈਤਿਕ ਕਾਰਜਾਂ ਨਾਲ ਸੰਬੰਧਤ ਸੀ ਜਿਸ ਨੇ ਨਾਮ-ਸਿਮਰਣ ਤੇ ਪ੍ਰਮਾਤਮ-ਸ਼ਰਣ ਰਾਹੀਂ ਮੁਕਤੀ ਪ੍ਰਾਪਤ ਕੀਤੀ।

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥
ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥[24]

ਅਤੇ
ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ॥
ਹਰਿ ਕੋ ਨਾਮੁ ਸਦਾ ਸੁਖਦਾਈ॥

ਅਤੇ
ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ॥[25]

ਗਨਕਾ ਤੋਂ ਇਲਾਵਾ ਅਜਾਮਲ, ਗਜ, ਧਰੂਅ, ਨਾਰਦ, ਪੰਚਾਲੀ ਦੇ ਹਵਾਲੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚੋਂ ਮਿਲਦੇ ਹਨ ਜਿਨ੍ਹਾਂ ਸ਼ਰਣ ਤੇ ਸਿਮਰਨ ਰਾਹੀਂ ਮੁਕਤੀ ਮਿਲੀ। ਇਨ੍ਹਾਂ ਮਿਥਕ ਭਾਵਨਾ ਨਾਲ ਜੁੜੇ ਕੁੱਝ ਦ੍ਰਿਸ਼ਟਾਂਤ ਦੇ ਕੇ ਗੁਰੂ ਜੀ ਨੇ ਜੀਵਨ ਵਿਚ ਧਰਮ ਦਾ ਅਸਲੀ ਮਹੱਤਤਵ ਸਮਝਾਉਣ ਦਾ ਯਤਨ ਕਰਦੇ ਹਨ। ਲੋਕ-ਧਰਮ ਦੀਆਂ ਉਪਰੋਕਤ ਪ੍ਰਚਲਿਤ ਰੀਤੀ ਭਾਵਨਾਵਾਂ ਵਿੱਚੋਂ ਧਰਮ ਦਾ ਰੂਪ ਪ੍ਰਗਟ ਹੁੰਦਾ ਹੇ ਜਿਸ ਦਾ ਆਧਾਰ ਨੈਤਿਕਤਾ ਹੈ। ਇਨ੍ਹਾਂ ਨੈਤਿਕ-ਦ੍ਰਿਸ਼ਟਾਂਤਾਂ ਵਿਚ ਨਿਆਂ, ਭਰੋਸਾ, ਸੱਚਾਈ, ਹਮਦਰਦੀ ਤੇ ਨਿਮਰਤਾ ਦੇ ਗੁਣਾਂ ਪਿੱਛੇ ਕਾਰਜਸ਼ੀਲਤਾ ਪਰਮਾਤਮਾ ਦੀ ਸ਼ਰਣ ਤੇ ਸਿਮਰਨ ਦੀ ਹੈ।

## ਹਵਾਲੇ


1. ਡਾ: ਸੇਵਾ ਸਿੰਘ ਸਿੱਧੂ, ਗੁਰਮਤ ਵਿਚਾਰਧਾਰਾ ਤੇ ਨੈਤਿਕਤਾ ਦਾ ਸੰਕਲਪ, ਸੁਖਨ ਪਬਲੀਕੇਸ਼ਨ, ਪਟਿਆਲਾ, 1998, ਪੰਨਾ 1.
2. ਡਾ: ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973, ਪੰਨਾ 9.
3. ਡਾ: ਵਜ਼ੀਰ ਸਿੰਘ ਨੈਤਿਕ ਨਿਯਮ, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 21.
4. ਡਾ: ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973, ਪੰਨਾ 8.
5. ਸ੍ਰੀ ਕਿਸ਼ਨ ਚੰਦਰ, (ਅਨੁਵਾਦਕ) ਜੌਹਨ ਡਿਯੂਈ, (ਲੇਖਕ) ਨੈਤਿਕ ਜੀਵਨ ਦਾ ਸਿਧਾਂਤ, ਪਰਮਾਤਮਾਦਾਸ ਐਂਡ ਸਨਜ਼, ਦਿੱਲੀ, 1963, ਪੰਨਾ 20.
6. ਡਾ: ਹਰਬੰਸ ਸਿੰਘ ਲਿੱਟ, ਸੰਪਾਦਕ, ਨੈਤਿਕਤਾ : ਸਾਹਿਤਕ ਪ੍ਰਵਚਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2018, ਪੰਨਾ 25.
7. ਰਾਗ ਸੂਹੀ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 765.
8. ਸਿਰੀ ਰਾਗ, ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 50.
9. ਸਲੋਕ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 522.
10. ਸਿਰੀ ਰਾਗ, ਮਹਲਾ 3, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 66.
11. ਸੋਰਿਠ ਰਾਗ, ਰਵਿਦਾਸ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 658.
12. ਰਾਗ ਰਾਮਕਲੀ, ਮਹਲਾ 3, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 921.
13. ਸਿਰੀ ਰਾਗ, ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 61.
14. ਵਾਰ ਸਿਰੀ ਰਾਗ, ਮਹਲਾ 3, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 83.
15. ਸਲੋਕ, ਮਹਲਾ 3, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428.
16. ਰਾਗ ਗਉੜੀ, ਮਹਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219.
17. ਰਾਗ ਜੈਤਸਰੀ, ਮਹਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 702.
18. ਰਾਗ ਗਉੜੀ, ਮਹਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219.
19. ਰਾਗ ਦੇਵਗੰਧਾਰੀ, ਮਹਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 536.
20. ਰਾਗ ਤਿਲੰਗ, ਮਹਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 726.
21. ਰਾਗ ਰਾਮਕਲੀ, ਮਹਲਾ 9, ਤਿਪਦੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 901.
22. ਰਾਗ ਜੈਤਸਰੀ, ਮਹਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 703.
23. ਰਾਗ ਜੈਤਸਰੀ, ਮਹਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 703.
24. ਰਾਗ ਸੋਰਠਿ, ਮਗਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 632.
25. ਰਾਗ ਮਾਰੂ, ਮਗਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1008